# ਵੈੱਬਸਾਈਟ

ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ:ਪ੍ਰ: ਕਮੇਟੀ) ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲਦੇ ਮਿਸ਼ਨਰੀ ਕਾਲਜਾਂ/ਇੰਸਟੀਚਿਊਟਸ ਲਈ ਹੇਠ ਲਿਖੇ ਸਟਾਫ਼ ਦੀ ਜ਼ਰੂਰਤ ਹੈ। ਯੋਗਤਾ ਹੇਠ ਲਿਖੇ ਅਨੁਸਾਰ ਹੈ:-

| ਸੀ:ਨੰ: | ਅਸਾਮੀ ਦਾ ਨਾਮ | ਯੋਗਤਾ ਅਤੇ ਤਜਰਬਾ | ਸੇਵਾ ਸਥਾਨ ਦਾ ਨਾਮ | ਮਿਤੀ 1/7/18 ਤੀਕ ਉਮਰ |
|---|---|---|---|---|
| 1. | 02 ਪ੍ਰਿੰਸੀਪਲ | ਐਮ.ਏ. ਰਿਲੀਜੀਅਸ ਸਟੱਡੀਜ਼,ਐਮ.ਫਿਲ,ਪੀ.ਐਚ.ਡੀ,ਧਾਰਮਿਕ ਸਿੱਖਿਆ ਦੇਣ ਦਾ 10 ਸਾਲ ਦਾ ਤਜ਼ਰਬਾ ਹੋਵੇ। | 01 ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ, ਤਲਵੰਡੀ ਸਾਬੋ (ਬਠਿੰਡਾ)<br>01 ਬੇਬੇ ਨਾਨਕੀ ਸਿੱਖ ਮਿਸ਼ਨਰੀ ਕਾਲਜ, ਸੁਲਤਾਨਪੁਰ ਲੋਧੀ (ਕਪੂਰਥਲਾ) | 35 ਸਾਲ ਤੋਂ ਵੱਧ |
| 2. | 01 ਸਹਾਇਕ ਪ੍ਰੋਫੈਸਰ | ਐਮ.ਕਾਮ.+ਐਮ.ਬੀ.ਏ. ਪਾਸ ਹੋਵੇ। ਤਜਰਬਾ ਰੱਖਣ ਵਾਲੇ ਨੂੰ ਪਹਿਲ ਦਿੱਤੀ ਜਾਵੇਗੀ। | ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ, ਬਹਾਦਰਗੜ੍ਹ (ਪਟਿਆਲਾ) | 35 ਸਾਲ ਤੋਂ ਵੱਧ |
| 3. | 02 ਸੰਗੀਤ ਅਧਿਆਪਕ | ਐਮ.ਏ. ਸੰਗੀਤ, ਸੰਗੀਤ ਵਿਦਿਆਲੇ ਤੋਂ ਡਿਪਲੋਮਾ ਪਾਸ ਅਤੇ 05 ਸਾਲ ਸੰਗੀਤ ਸਿਖਾਉਣ ਦਾ ਤਜਰਬਾ ਹੋਵੇ ਜਾਂ 10+2 ਅਤੇ ਸ਼੍ਰੋਮਣੀ ਕਮੇਟੀ ਅਧੀਨ ਚੱਲਦੇ ਮਿਸ਼ਨਰੀ ਕਾਲਜ ਤੋਂ ਸੰਗੀਤ ਦੇ ਡਿਪਲੋਮੇ ਸਮੇਤ 08 ਸਾਲ ਦਾ ਤਜਰਬਾ ਹੋਵੇ ਜਾਂ ਸੰਗੀਤ ਵਿਸ਼ਾਰਦ/ਪ੍ਰਭਾਕਰ ਸਮੇਤ ਸੰਗੀਤ ਸਿਖਾਉਣ ਦਾ 10 ਸਾਲ ਦਾ ਤਜਰਬਾ ਹੋਵੇ। | ਧਰਮ ਪ੍ਰਚਾਰ ਕਮੇਟੀ ਨਾਲ ਸਬੰਧਤ ਵਿਦਿਆਲਿਆ ਵਿੱਚ। | 25 ਸਾਲ ਤੋਂ ਵੱਧ |
| 4. | 01 ਸਾਰੰਗੀ ਅਧਿਆਪਕ | ਐਮ.ਏ. ਗੁਰਮਤਿ ਸੰਗੀਤ ਅਤੇ 5 ਸਾਲ ਦਾ ਸਾਰੰਗੀ ਅਧਿਆਪਕ ਵੱਜੋਂ ਸਿਖਾਉਣ ਦਾ ਤਜਰਬਾ ਹੋਵੇ ਜਾਂ ਬੀ.ਏ. ਗੁਰਮਤਿ ਵਿਸ਼ੇ ਨਾਲ ਅਤੇ 10 ਸਾਲ ਦਾ ਸਾਰੰਗੀ ਅਧਿਆਪਕ ਵਜੋਂ ਸਿਖਾਉਣ ਦਾ ਤਜਰਬਾ ਹੋਵੇ | ਗਿਆਨੀ ਸੋਹਣ ਸਿੰਘ ਸੀਤਲ ਢਾਡੀ/ਕਵੀਸ਼ਰ ਕਾਲਜ, ਗੁਰੂ ਕੀ ਵਡਾਲੀ, ਸ੍ਰੀ ਅੰਮ੍ਰਿਤਸਰ। | 25 ਸਾਲ ਤੋਂ ਵੱਧ |
| 5. | 01 ਢੱਡ ਅਧਿਆਪਕ | ਐਮ.ਏ. ਗੁਰਮਤਿ ਸੰਗੀਤ ਅਤੇ 5 ਸਾਲ ਢੱਡ ਅਧਿਆਪਕ ਵੱਜੋਂ ਸਿਖਾਉਣ ਦਾ ਤਜਰਬਾ ਹੋਵੇ ਜਾਂ ਬੀ.ਏ. ਗੁਰਮਤਿ ਸੰਗੀਤ ਵਿਸ਼ੇ ਨਾਲ ਹੋਵੇ ਅਤੇ 10 ਸਾਲ ਢੱਡ ਅਧਿਆਪਕ ਵੱਜੋਂ ਸਿਖਾਉਣ ਦਾ ਤਜਰਬਾ ਹੋਵੇ। | ਗਿਆਨੀ ਸੋਹਣ ਸਿੰਘ ਸੀਤਲ ਢਾਡੀ/ਕਵੀਸ਼ਰ ਕਾਲਜ | 25 ਸਾਲ ਤੋਂ ਵੱਧ |
| 6. | 01 ਕਵੀਸ਼ਰ ਅਧਿਆਪਕ | ਐਮ.ਏ. ਧਰਮ ਅਧਿਐਨ/ਸਿੱਖ ਸਟੱਡੀਜ ਅਤੇ 5 ਸਾਲ ਕਵੀਸ਼ਰੀ ਅਧਿਆਪਕ ਵੱਜੋਂ ਸਿਖਾਉਣ ਦਾ ਤਜਰਬਾ ਹੋਵੇ ਜਾਂ ਬੀ.ਏ. ਧਰਮ ਸਿੱਖਿਆ ਵਿਸ਼ੇ ਨਾਲ ਹੋਵੇ ਅਤੇ 10 ਸਾਲ ਕਵੀਸ਼ਰੀ ਅਧਿਆਪਕ ਵੱਜੋਂ ਸਿਖਾਉਣ ਦਾ ਤਜਰਬਾ ਹੋਵੇ। | ਗਿਆਨੀ ਸੋਹਣ ਸਿੰਘ ਸੀਤਲ ਢਾਡੀ/ਕਵੀਸ਼ਰ ਕਾਲਜ | 25 ਸਾਲ ਤੋਂ ਵੱਧ |
| 7. | 02 ਕੰਪਿਊਟਰ ਉਪਰੇਟਰ | 10+2 ਪਾਸ ਹੋਵੇ, ਯੂਨੀਵਰਸਿਟੀ ਪੱਧਰ ਦਾ ਇੱਕ ਸਾਲ ਦਾ ਕੰਪਿਊਟਰ ਡਿਪਲੋਮਾ ਪਾਸ ਹੋਵੇ। ਬੀ.ਸੀ.ਏ. ਪਾਸ ਵਿਦਿਆਰਥੀਆਂ ਨੂੰ ਪਹਿਲ ਦਿੱਤੀ ਜਾਵੇਗੀ। | 01 ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ, ਬਹਾਦਰਗੜ੍ਹ (ਪਟਿਆਲਾ) ਅਤੇ 01 ਗਿਆਨੀ ਸੋਹਣ ਸਿੰਘ ਸੀਤਲ ਢਾਡੀ/ਕਵੀਸ਼ਰ ਕਾਲਜ, ਗੁਰੂ ਕੀ ਵਡਾਲੀ, ਸ੍ਰੀ ਅੰਮ੍ਰਿਤਸਰ। | 21 ਸਾਲ ਤੋਂ ਵੱਧ |
| 8. | 01 ਬਿਜਲੀ ਮਿਸਤਰੀ | ਆਈ.ਟੀ.ਆਈ. ਇਲੈਕਟ੍ਰੀਸ਼ੀਅਨ | ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ, ਬਹਾਦਰਗੜ੍ਹ (ਪਟਿਆਲਾ) | 21 ਸਾਲ ਤੋਂ ਵੱਧ |
| 9. | 05 ਸੇਵਾਦਾਰ | 10+2 ਪਾਸ ਹੋਵੇ। | 03 ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ, ਬਹਾਦਰਗੜ੍ਹ (ਪਟਿਆਲਾ) ਅਤੇ 02 ਗਿਆਨੀ ਸੋਹਣ ਸਿੰਘ ਸੀਤਲ ਢਾਡੀ/ਕਵੀਸ਼ਰ ਕਾਲਜ, ਗੁਰੂ ਕੀ ਵਡਾਲੀ, ਸ੍ਰੀ ਅੰਮ੍ਰਿਤਸਰ। | 21 ਸਾਲ ਤੋਂ ਵੱਧ |
| 10. | 02 ਮਾਲੀ | ਪੰਜ ਸਾਲ ਦਾ ਬਾਗਬਾਨੀ ਦਾ ਤਜਰਬਾ ਹੋਵੇ। ਬਾਗਬਾਨੀ ਦੇ ਕੋਰਸ ਵਾਲੇ ਨੂੰ ਪਹਿਲ ਦਿੱਤੀ ਜਾਵੇਗੀ। | ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ, ਬਹਾਦਰਗੜ੍ਹ (ਪਟਿਆਲਾ) | 21 ਸਾਲ ਤੋਂ ਵੱਧ |
| 11. | 02 ਸਫਾਈ ਸੇਵਾਦਾਰ | ਪੰਜਾਬੀ ਪੜ੍ਹ ਲਿਖ ਸਕਦਾ ਹੋਵੇ। | ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ, ਬਹਾਦਰਗੜ੍ਹ (ਪਟਿਆਲਾ) | 21 ਸਾਲ ਤੋਂ ਵੱਧ |

ਗੁਰਸਿੱਖ ਅੰਮ੍ਰਿਤਧਾਰੀ ਉਮੀਦਵਾਰ ਆਪਣਾ ਮੰਗ ਪੱਤਰ ਨੱਥੀ ਪ੍ਰੋਫਾਰਮੇ ਪੁਰ ਭਰਕੇ ਵਿਦਿਅਕ ਯੋਗਤਾ ਅਤੇ ਤਜਰਬੇ ਦੀਆਂ ਤਸਦੀਕਸ਼ੁਦਾ ਫੋਟੋ ਕਾਪੀਆਂ ਸਮੇਤ ਦੋ ਪਾਸਪੋਰਟ ਸਾਈਜ ਤਾਜਾ ਰੰਗਦਾਰ ਫੋਟੋਆਂ ਨਿਮਨ ਹਸਤਾਖਰੀ ਨੂੰ ਮਿਤੀ 31-07-18 ਤੀਕ ਭੇਜਣ।

ਉਮੀਦਵਾਰਾਂ ਨੂੰ ਇੰਟਰਵਿਊ ਲਈ ਆਉਣ-ਜਾਣ ਦਾ ਕੋਈ ਭੱਤਾ ਆਦਿਕ ਨਹੀਂ ਦਿੱਤਾ ਜਾਵੇਗਾ। ਅਧੂਰੇ ਮੰਗ ਪੱਤਰ ਨਹੀਂ ਵਿਚਾਰੇ ਜਾਣਗੇ। ਨਿਮਨਹਸਤਾਖਰੀ ਪਾਸ ਇੰਟਰਵਿਊ ਰੱਦ/ਮੁਲਤਵੀ ਕਰਨ ਦਾ ਅਧਿਕਾਰ ਰਾਖਵਾਂ ਹੈ। ਆਖਰੀ ਤਾਰੀਖ਼ ਉਪਰੰਤ ਪੁੱਜੇ ਮੰਗ ਪੱਤਰਾਂ ਅਤੇ ਅਧੂਰੇ ਮੰਗ ਪੱਤਰਾਂ ਪੁਰ ਕਿਸੇ ਤਰ੍ਹਾਂ ਦੀ ਵੀਚਾਰ ਨਹੀਂ ਕੀਤੀ ਜਾਵੇਗੀ।

**ਸਕੱਤਰ(ਪ੍ਰ.),**
ਸ਼੍ਰੋਮਣੀ ਗੁ: ਪ੍ਰ: ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।